ਮਿੱਠੇ ਬੱਚੇ:- "ਮਿੱਠੇ ਬੱਚੇ- ਪਾਵਨ ਬਣਨ ਲਈ ਯਾਦ ਦੀ ਯਾਤਰਾ ਬਹੁਤ ਜਰੂਰੀ ਹੈ, ਇਹ ਹੀ ਮੁੱਖ ਸਬਜੈਕਟ ਹੈ, ਇਸ ਯੋਗਬਲ ਦੇ ਨਾਲ ਤੁਸੀਂ ਸਰਵਿਸਏਬਲ ਗੁਣਵਾਨ ਬਣ ਸਕਦੇ ਹੋ।"

ਪ੍ਰਸ਼ਨ:- ਪ੍ਰਸ਼ਨ:- ਤੁਸੀਂ ਬੱਚੇ ਜਿਹੜਾ ਯੋਗ ਸਿੱਖਦੇ ਹੋ ਇਹ ਹੀ ਸਭ ਤੋਂ ਨਿਰਾਲਾ ਯੋਗ ਹੈ ਕਿਵੇਂ?

ਉੱਤਰ:- ਅੱਜ ਤੱਕ ਜੋ ਯੋਗ ਸਿੱਖਦੇ ਜਾਂ ਸਿਖਾਉਂਦੇ ਆਏ ਉਸ ਦੇ ਨਾਲ ਮਨੁੱਖਾਂ ਦਾ ਮਨੁੱਖਾਂ ਦੇ ਨਾਲ ਯੋਗ ਜੁਟਿਆ। ਲੇਕਿਨ ਹੁਣ ਅਸੀਂ ਨਿਰਾਕਾਰ ਦੇ ਨਾਲ ਯੋਗ ਲਗਾਉਂਦੇ ਹਾਂ। ਨਿਰਾਕਾਰ ਆਤਮਾ ਨਿਰਾਕਾਰ ਬਾਪ ਨੂੰ ਯਾਦ ਕਰੇ-ਇਹ ਹੈ ਸਭ ਤੋਂ ਵੱਖਰੀ (ਨਿਰਾਲੀ) ਗੱਲ। ਦੁਨੀਆ ਵਿੱਚ ਕੋਈ ਭਗਵਾਨ ਨੂੰ ਯਾਦ ਕਰਦੇ ਪਰ ਬਿਨਾਂ ਪਹਿਚਾਣ ਤੋਂ। ਅਕੂਪੇਸ਼ਨ ਤੋਂ ਬਿਨਾਂ ਕਿਸੇ ਨੂੰ ਯਾਦ ਕਰਨਾ ਇਹ ਹੈ ਭਗਤੀ। ਗਿਆਨਵਾਨ ਬੱਚੇ ਪਹਿਚਾਣ ਸਮੇਤ ਯਾਦ ਕਰਦੇ ਹਨ।

ਓਮ ਸ਼ਾਂਤੀ। ਰੂਹਾਨੀ ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਬੱਚਿਆਂ ਨੂੰ ਪਹਿਲਾਂ-2 ਬਾਪ ਦੀ ਪਹਿਚਾਣ ਮਿਲੀ ਹੈ। ਛੋਟਾ ਬੱਚਾ ਪੈਦਾ ਹੁੰਦਾ ਹੈ ਤਾਂ ਉਸਨੂੰ ਸਭ ਤੋਂ ਪਹਿਲਾ ਮਾਂ-ਬਾਪ ਦੀ ਪਹਿਚਾਣ ਮਿਲਦੀ ਹੈ। ਤੁਹਾਡੇ ਵਿੱਚ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਹਨ, ਜਿਨ੍ਹਾਂ ਨੂੰ ਰਚਤਾ ਬਾਪ ਦੀ ਪਹਿਚਾਣ ਮਿਲੀ ਹੈ। ਇਹ ਵੀ ਬੱਚੇ ਜਾਣਦੇ ਹਨ ਉੱਚੇ ਤੇ ਉੱਚਾ ਬਾਪ ਹੀ ਹੈ, ਉਸਦੀ ਮਹਿਮਾ ਦੱਸਣੀ ਹੈ। ਮਹਿਮਾ ਗਾਉਂਦੇ ਵੀ ਹਨ ਸ਼ਿਵਾਏ ਨਮ:, ਬ੍ਰਹਮਾ ਨਮਾ, ਵਿਸ਼ਨੂੰ ਨਮਾ ਜੱਚਦਾ ਨਹੀਂ ਹੈ। ਸ਼ਿਵਾਏ ਨਮਾ ਜੱਚਦਾ ਹੈ। ਬ੍ਰਹਮਾ ਦੇਵਤਾ ਨਮਾ, ਵਿਸ਼ਨੂੰ ਦੇਵਤਾ ਨਮਾ ਜੱਚਦਾ ਹੈ। ਉਨ੍ਹਾਂਨੂੰ ਦੇਵਤਾ ਕਹਿਣਾ ਪਵੇ। ਉੱਚੇ ਤੇ ਉੱਚਾ ਹੈ ਭਗਵਾਨ। ਜਦੋਂ ਕੋਈ ਆਉਂਦੇ ਹਨ ਤਾਂ ਪਹਿਲਾਂ-ਪਹਿਲਾਂ ਬਾਪ ਦੀ ਮਹਿਮਾ ਜ਼ਰੂਰ ਦੱਸਣੀ ਹੈ। ਉਹ ਸੁਪਰੀਮ ਬਾਪ ਹੈ। ਬੱਚੇ ਭੁੱਲ ਜਾਂਦੇ ਹਨ ਕਿ ਬਾਪ ਦੀ ਮਹਿਮਾ ਕਿਵੇਂ ਸੁਣਾਈਏ। ਪਹਿਲਾਂ ਤਾਂ ਇਹ ਸਮਝਾਉਣਾ ਹੈ ਕਿ ਉਹ ਹੀ ਸੁਪ੍ਰੀਮ ਬਾਪ ਹੈ, ਟੀਚਰ ਵੀ ਹੈ, ਤੇ ਸਤਿਗੁਰੂ ਵੀ ਹੈ। ਤਿੰਨਾਂ ਨੂੰ ਯਾਦ ਕਰਨਾ ਪਵੇ। ਓਵੇਂ ਯਾਦ ਤਾਂ ਸ਼ਿਵਬਾਬਾ ਨੂੰ ਹੀ ਕਰਨਾ ਹੈ - ਤਿੰਨਾਂ ਰੂਪਾਂ ਵਿੱਚ। ਇਹ ਪੱਕਾ ਕਰਨਾ ਪਵੇ। ਤੁਸੀਂ ਬਾਪ ਦੀ ਮਹਿਮਾ ਨੂੰ ਜਾਣਦੇ ਹੋ, ਇਸਲਈ ਤਾਂ ਕਰਦੇ ਹੋ। ਉਨ੍ਹਾਂ ਨੇ ਤੇ ਉੱਚੇ ਤੇ ਉੱਚੇ ਬਾਪ ਨੂੰ ਠਿਕੱਰ- ਭਿਤੱਰ ਵਿੱਚ ਕਹਿ ਦਿੱਤਾ ਹੈ। ਮਨੁੱਖਾਂ ਵਿੱਚ ਵੀ ਕਹਿ ਦਿੰਦੇ ਪਰ ਮਨੁੱਖ ਤਨ ਵਿੱਚ ਵੀ ਸਦਾ ਤਾਂ ਰਹਿ ਨਹੀਂ ਸਕਦੇ। ਉਹ ਤਾਂ ਸਿਰਫ ਲੋਂਨ ਲੈਂਦੇ ਹਨ। ਉਹ ਖੁਦ ਕਹਿੰਦੇ ਹਨ ਮੈਂ ਇਸਦੇ ਸ਼ਰੀਰ ਦਾ ਆਧਾਰ ਲੈਂਦਾ ਹਾਂ। ਤਾਂ ਪਹਿਲੀ ਗੱਲ ਇਹ ਪੱਕੀ ਕਰਨੀ ਹੈ ਕਿ ਬਾਪ ਹੈ ਸੱਤ। ਉਹ ਹੀ ਸੱਤ ਨਰਾਇਣ ਦੀ ਕਥਾ ਸੁਣਾਉਂਦੇ ਹਨ। ਨਰ ਤੋਂ ਨਰਾਇਣ ਸੱਤ ਬਾਪ ਨੇ ਬਣਾਇਆ ਹੈ। ਸਤਿਯੁੱਗ ਵਿੱਚ ਲਕਸ਼ਮੀ - ਨਰਾਇਣ ਦਾ ਰਾਜ ਸੀ। ਉਹ ਕਿਸ ਤਰ੍ਹਾਂ ਬਣੇ ? ਕਿਸਨੇ ਬਣਾਇਆ ? ਕਦੋ ਕਥਾ ਸੁਣਾਈ ? ਕਦੋਂ ਰਾਜਯੋਗ ਸਿਖਾਇਆ ? ਇਹ ਸਭ ਕੁਝ ਤੁਸੀਂ ਹੁਣ ਸਮਝਦੇ ਹੋ। ਹੋਰ ਸਾਰੇ ਯੋਗ ਨੇ ਮਨੁੱਖਾਂ ਦੇ ਮਨੁੱਖਾਂ ਨਾਲ। ਇਸ ਤਰ੍ਹਾਂ ਤਾਂ ਹੁੰਦਾ ਨਹੀਂ ਕਿ ਮਨੁੱਖਾਂ ਦਾ ਯੋਗ ਨਿਰਾਕਾਰ ਨਾਲ ਹੋਵੇ, ਉਹ ਵੀ ਪਹਿਚਾਣ ਦੇ ਨਾਲ। ਅੱਜਕਲ ਭਾਵੇਂ ਸ਼ਿਵ ਨਾਲ ਯੋਗ ਲਗਾਉਂਦੇ ਹਨ, ਪੂਜਾ ਕਰਦੇ ਹਨ, ਪਰ ਜਾਣਦੇ ਕੁਝ ਵੀ ਨਹੀਂ। ਇਹ ਵੀ ਨਹੀਂ ਸਮਝਦੇ ਕਿ ਪ੍ਰਜਾਪਿਤਾ ਬ੍ਰਹਮਾ ਜ਼ਰੂਰ ਸਾਕਾਰ ਦੁਨੀਆ ਤੇ ਹੋਵੇਗਾ। ਮੂੰਝੇ ਰਹਿੰਦੇ ਹਨ। ਸਮਝਦੇ ਹਨ ਪ੍ਰਜਾਪਿਤਾ ਬ੍ਰਹਮਾ ਤਾਂ ਪਹਿਲਾਂ-ਪਹਿਲਾਂ ਸਤਿਯੁੱਗ ਵਿੱਚ ਹੋਣਾ ਚਾਹੀਦਾ ਹੈ। ਜੇਕਰ ਸਤਿਯੁੱਗ ਵਿੱਚ ਪ੍ਰਜਾਪਿਤਾ ਬ੍ਰਹਮਾਂ ਹੋਵੇ ਤਾਂ ਉਸਨੂੰ ਫਿਰ ਸੂਖਸ਼ਮ ਵਤਨ ਵਿੱਚ ਕਿਉਂ ਵਿਖਾਇਆ ਹੈ ? ਮਤਲਬ ਨਹੀਂ ਸਮਝਦੇ। ਇਹ ਸਾਕਾਰ ਹੈ ਕਰਮਬੰਧਨ ਵਿੱਚ, ਉਹ ਸੂਖਸ਼ਮ ਹੈ ਕਰਮਾਤੀਤ। ਇਹ ਗਿਆਨ ਕਿਸੇ ਵਿੱਚ ਵੀ ਨਹੀਂ ਹੈ। ਗਿਆਨ ਦੇਣ ਵਾਲਾ ਇਕ ਬਾਪ ਹੀ ਹੈ। ਉਹ ਜਦੋਂ ਆਕੇ ਗਿਆਨ ਦੇਵੇ ਤਾਂ ਤੁਸੀਂ ਦੂਜਿਆਂ ਨੂੰ ਸੁਣਾਓ। ਬਾਪ ਦੀ ਪਹਿਚਾਣ ਕਿਸੇ ਨੂੰ ਦੇਣਾ ਬੜਾ ਸੌਖਾ ਹੈ। ਅਲਫ਼ ਤੇ ਹੀ ਸਮਝਾਉਣਾ ਹੈ। ਇਹ ਸਾਰੀਆਂ ਆਤਮਾਵਾਂ ਦਾ ਬੇਹੱਦ ਦਾ ਬਾਪ ਹੈ। ਕਿਸੇ ਨੂੰ ਪਰਿਚੈ ਦੇਣ ਵਿੱਚ ਕੋਈ ਤਕਲੀਫ ਨਹੀਂ ਹੈ। ਬੜਾ ਸੌਖਾ ਹੈ। ਪ੍ਰੰਤੂ ਨਿਸ਼ਚੇ ਨਹੀਂ, ਪ੍ਰੈਕਟਿਸ ਨਹੀਂ ਤਾਂ ਕਿਸੇ ਨੂੰ ਸਮਝਾ ਨਹੀਂ ਸਕਦੇ। ਕਿਸੇ ਨੂੰ ਗਿਆਨ ਨਹੀਂ ਦਿੰਦੇ ਤਾਂ ਮਤਲਬ ਕਿ ਅਗਿਆਨੀ ਹੈ। ਗਿਆਨ ਨਹੀਂ ਤਾਂ ਭਗਤੀ ਹੈ ਨਾ। ਦੇਹ - ਅਭਿਮਾਨ ਹੈ। ਗਿਆਨ ਹੋਵੇਗਾ ਹੀ ਦੇਹੀ ਅਭਿਮਾਨੀ ਵਿੱਚ। ਅਸੀਂ ਆਤਮਾਵਾਂ ਹਾਂ, ਸਾਡਾ ਬਾਪ ਪਰਮਪਿਤਾ ਪਰਮਾਤਮਾ ਉਹ ਹੀ ਬਾਪ, ਟੀਚਰ, ਸਤਿਗੁਰੂ ਵੀ ਹੈ। ਪ੍ਰਜਾਪਿਤਾ ਬ੍ਰਹਮਾ ਵੀ ਹੈ ਨਾ। ਬਾਪ ਨੇ ਪ੍ਰਜਾਪਿਤਾ ਬ੍ਰਹਮਾ ਦਾ ਅਕੂਪੇਸ਼ਨ ਦੱਸਿਆ ਹੈ। ਤਾਂ ਆਪਣਾ ਵੀ ਆਕੂਪੈਸ਼ਨ ਦੱਸਿਆ ਹੈ। ਮਨੁੱਖਾਂ ਨੇ ਤਾਂ ਸ਼ਿਵ ਸ਼ੰਕਰ ਨੂੰ ਇਕੱਠਾ ਕਰ ਇੱਕ ਕਰ ਦਿੱਤਾ ਹੈ। ਕਹਿੰਦੇ ਹਨ ਸ਼ੰਕਰ ਨੇ ਅੱਖ ਖੋਲੀ ਤਾਂ ਵਿਨਾਸ਼ ਹੋ ਗਿਆ। ਹੁਣ ਵਿਨਾਸ਼ ਤਾਂ ਬੰਬਾਂ ਨਾਲ, ਨੈੱਚੂਰਲ ਕਲੇਮਿਟੀਜ ਨਾਲ ਹੁੰਦਾ ਹੈ। ਸ਼ਿਵ ਸ਼ੰਕਰ ਮਹਾਂਦੇਵ ਕਹਿੰਦੇ ਹਨ। ਇਹ ਚਿੱਤਰ ਕੋਈ ਸਹੀ ਨਹੀਂ ਹੈ। ਇਹ ਸਾਰੇ ਭਗਤੀ ਮਾਰਗ ਦੇ ਚਿੱਤਰ ਹਨ। ਓਥੇ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ ਹੈ। ਪ੍ਰਜਾਪਿਤਾ ਬ੍ਰਹਮਾਂ ਵੀ ਦੇਹਧਾਰੀ ਹੈ। ਕਿੰਨੇ ਢੇਰ ਬੱਚੇ ਹਨ। ਤਾਂ ਇਹ ਸਾਰੇ ਚਿੱਤਰ ਪੂਜਾ ਦੇ ਲਈ ਹੀ ਹਨ। ਬਾਪ ਨੇ ਸਮਝਾਇਆ ਹੈ ਕਿ ਇਹ ਹੈ ਵਿਅੱਕਤ, ਉਹ ਹੈ ਅਵਿਅੱਕਤ। ਜਦੋਂ ਅਵਿਅੱਕਤ ਬਣੇ ਹਨ ਤਾਂ ਫਰਿਸ਼ਤਾ ਹੋ ਜਾਂਦੇ ਹਨ। ਮੂਲਵਤਨ, ਸੂਖਸ਼ਮਵਤਨ ਦੋਨੋ ਹੀ ਜਰੂਰੀ ਹਨ। ਸੂਖਸ਼ਮ ਵਤਨ ਵਿੱਚ ਵੀ ਜਾਂਦੇ ਹਨ। ਬਾਪ ਨੇ ਸਮਝਾਇਆ ਹੈ ਪ੍ਰਜਾਪਿਤਾ ਬ੍ਰਹਮਾ ਜੋ ਮਨੁੱਖ ਹੈ ਉਹ ਹੀ ਫਿਰ ਫਰਿਸ਼ਤਾ ਬਣਦੇ ਹਨ। ਫਿਰ ਰਾਜਾਈ ਦਾ ਵੀ ਉਸ ਵਿੱਚ ਦਿਖਾਇਆ ਹੈ। ਫਿਰ ਇਹ ਰਾਜ ਕਰਨਗੇ। ਸੂਖਸ਼ਮ ਵਤਨ ਦੇ ਚਿੱਤਰ ਨਾ ਹੋਣ ਤਾਂ ਸਮਝਾਉਣ ਵਿੱਚ ਮੁਸ਼ਕਿਲ ਹੋਵੇ। ਅਸਲ ਵਿੱਚ ਵਿਸ਼ਨੂੰ ਦਾ ਕੋਈ ਚਤੁੱਰਭੁੱਜ ਰੂਪ ਵੀ ਨਹੀਂ ਹੈ। ਇਹ ਸਭ ਹਨ ਭਗਤੀ ਮਾਰਗ ਦੇ ਚਿੱਤਰ। ਬਾਪ ਸਮਝਾਉਂਦੇ ਹਨ ਆਤਮਾ ਨੂੰ ਹੀ ਪਤਿੱਤ ਤੋਂ ਪਾਵਨ ਬਣਨਾ ਹੈ। ਪਵਿੱਤਰ ਬਣ ਕੇ ਚੱਲੀ ਜਾਵੇਗੀ ਆਪਣੇ ਧਾਮ। ਆਤਮਾਵਾਂ ਨਿਰਾਕਾਰੀ ਦੁਨੀਆਂ ਵਿੱਚ ਰਹਿੰਦੀਆਂ ਹਨ,

ਸਾਕਾਰੀ ਹਨ ਇਥੇ। ਬਾਕੀ ਸੂਖਸ਼ਮ ਵਤਨ ਦੀ ਕੋਈ ਮੁੱਖ ਕਹਾਣੀ ਨਹੀਂ ਹੈ। ਸੂਖਸ਼ਮ ਵਤਨ ਦਾ ਰਾਜ਼ ਵੀ ਬਾਬਾ ਹੁਣ ਸਮਝਾਉਂਦੇ ਹਨ। ਤਾਂ ਮੂਲਵਤਨ, ਸੂਖਸ਼ਮਵਤਨ, ਫਿਰ ਹੈ ਸਥੂਲਵਤਨ। ਤਾਂ ਪਹਿਲਾਂ ਸਭ ਨੂੰ ਬਾਪ ਦਾ ਪਰਿਚੈ ਦੇਣਾ ਹੈ। ਭਗਤੀ ਮਾਰਗ ਵਿੱਚ ਬਾਬਾ ਨੂੰ ਹੇ ਭਗਵਾਨ, ਹੇ ਪ੍ਰਭੂ ਕਹਿੰਦੇ ਹਨ। ਸਿਰਫ ਜਾਣਦੇ ਨਹੀਂ ਹਨ। ਹਮੇਸ਼ਾ ਕਹਿੰਦੇ ਹਨ ਸ਼ਿਵ ਪ੍ਰਮਾਤਮਾਏ ਨਮਾ, ਸ਼ਿਵ ਦੇਵਤਾ ਨਮਾ ਕਦੇ ਨਹੀਂ ਕਹਿੰਦੇ। ਬ੍ਰਹਮਾ ਦੇਵਤਾ ਕਹਿੰਦੇ ਹਨ। ਸ਼ਿਵ ਨੂੰ ਪਰਮਪਿਤਾ ਪਰਮਾਤਮਾ ਹੀ ਕਹਿੰਦੇ ਹਨ। ਸ਼ਿਵ ਦੇਵਤਾ ਕਦੇ ਨਹੀਂ ਕਹਿੰਦੇ, ਸ਼ਿਵ ਪਰਮਾਤਮਾ ਹੀ ਕਹਿੰਦੇ ਹਨ। ਉਨ੍ਹਾਂ ਨੂੰ ਫਿਰ ਸਰਵਵਿਆਪੀ ਨਹੀਂ ਕਿਹਾ ਜਾਂਦਾ ਹੈ। ਪਤਿਤਾਂ ਨੂੰ ਪਾਵਨ ਬਨਾਉਣ ਦਾ ਕਰਤਵ ਕਰਨਾ ਹੈ ਤਾਂ ਕੀ ਠਿਕੱਰ - ਭਿਤੱਰ ਵਿੱਚ ਜਾਕੇ ਕਰਨਗੇ ? ਇਸਨੂੰ ਹੀ ਘੋਰ ਹਨੇਰਾ ਕਿਹਾ ਜਾਂਦਾ ਹੈ। ਇਹ ਵੀ ਡਰਾਮਾ ਵਿੱਚ ਨੂੰਧ ਹੈ।

ਬਾਪ ਆਕੇ ਸਮਝਾਉਂਦੇ ਹਨ ਯਦਾ- ਯਦਾ ਹੀ... ਕਿਸਦੀ ਗਲਾਨੀ? ਉਹ ਲੋਕ ਤੇ ਸ਼ਲੋਕ ਸੁਣਾ ਕੇ ਫਿਰ ਅਰਥ ਸੁਣਾਉਂਦੇ ਹਨ। ਇਹ ਤਾਂ ਤੁਹਾਨੂੰ ਬੱਚਿਆਂ ਨੂੰ ਓਥੇ ਜਾ ਕੇ ਦੇਖਣਾ ਚਾਹੀਦਾ ਹੈ। ਬੋਲਣਾ ਚਾਹੀਦਾ ਹੈ ਕਿ ਅਸੀਂ ਇਸਦਾ ਮਤਲਬ ਸਮਝਾਉਂਦੇ ਹਾਂ। ਫਿਰ ਫਟ ਨਾਲ ਬੈਠ ਸੁਣਾਉਣਾ ਚਾਹੀਦਾ ਹੈ। ਇਸ ਤਰ੍ਹਾਂ ਥੋੜੀ ਸਮਝਣਗੇ ਇੱਕ ਇਹ ਬੀ.ਕੇ. ਹਨ। ਭਾਵੇਂ ਸਫ਼ੇਦ ਡਰੈੱਸ ਹੈ ਪ੍ਰੰਤੂ ਛਾਪਾ ਥੋੜੀ ਲੱਗਾ ਹੋਇਆ ਹੈ। ਤੁਸੀਂ ਕਿਤੇ ਵੀ ਜਾਕੇ ਸੁਣ ਸਕਦੇ ਹੋ, ਅਤੇ ਕਹਿ ਸਕਦੇ ਹੋ ਕਿ ਇਸਦਾ ਮਤਲਬ ਤਾਂ ਦੱਸੋ। ਦੇਖੋ ਉਹ ਕੀ ਸੁਣਾਉਂਦੇ ਹਨ। ਬਾਕੀ ਇਹ ਸਭ ਚਿੱਤਰ ਤਾਂ ਡੀਟੇਲ ਸਮਝਣ ਦੇ ਲਈ ਹਨ। ਅਥਾਹ ਗਿਆਨ ਹੈ। ਸਾਗਰ ਨੂੰ ਸਿਆਹੀ ਬਣਾਓ.... ਤਾਂ ਵੀ ਅੰਤ ਨਹੀਂ। ਫਿਰ ਸੈਕੰਡ ਦੀ ਗੱਲ ਸੁਣਾਈ, ਸਿਰਫ ਬਾਪ ਦਾ ਪਰਿਚੈ ਦੇਣਾ ਹੈ। ਉਹ ਹੀ ਬੇਹੱਦ ਦਾ ਬਾਪ ਸਵਰਗ ਦਾ ਰਚਤਾ ਹੈ। ਅਸੀਂ ਸਾਰੇ ਉਸਦੇ ਬੱਚੇ ਬ੍ਰਦਰਜ਼ ਹਾਂ। ਤਾਂ ਸਾਡੇ ਕੋਲ ਵੀ ਸਵਰਗ ਦਾ ਰਾਜ ਹੋਣਾ ਚਾਹੀਦਾ ਹੈ। ਪਰ ਸਭ ਨੂੰ ਮਿਲ ਨਹੀਂ ਸਕਦਾ। ਬਾਬਾ ਆਉਂਦੇ ਹੀ ਹਨ ਭਾਰਤ ਵਿੱਚ ਅਤੇ ਭਾਰਤਵਾਸੀ ਹੀ ਸਵਰਗਵਾਸੀ ਬਣਦੇ ਹਨ। ਦੂਜੇ ਤਾਂ ਆਉਂਦੇ ਹੀ ਪਿੱਛੇ ਹਨ। ਇਹ ਤਾਂ ਬੜਾ ਸਹਿਜ ਹੈ, ਪ੍ਰੰਤੂ ਸਮਝਦੇ ਨਹੀਂ ਹਨ। ਬਾਬਾ ਨੂੰ ਵੰਡਰ ਲਗਦਾ ਹੈ। ਇੱਕ ਦਿਨ ਗਣਿਕਾਵਾਂ ਆਦਿ ਵੀ ਆਕੇ ਸੁਣਨਗੀਆਂ। ਪਿਛਾੜੀ ਵਿੱਚ ਆਉਣ ਵਾਲੇ ਤਿੱਖੇ ਹੋ ਜਾਣਗੇ। ਉੱਥੇ ਵੀ ਜਾ ਕੇ ਕੋਈ ਸਰਵਿਸ ਕਰ ਸਕਦੇ ਹਨ। ਬਹੁਤਿਆਂ ਨੂੰ ਸ਼ਰਮ ਆਉਂਦੀ ਹੈ, ਦੇਹ - ਅਭਿਮਾਨ ਬੜਾ ਹੈ। ਬਾਬਾ ਕਹਿੰਦੇ ਹਨ ਵੇਸ਼ਿਆਵਾਂ ਨੂੰ ਵੀ ਜਾ ਕੇ ਸਮਝਾਉਣਾ ਹੈ। ਭਾਰਤ ਦਾ ਨਾਮ ਉਨ੍ਹਾਂ ਨੇ ਹੀ ਨੀਵਾਂ ਕਿੱਤਾ ਹੈ। ਇਸ ਵਿੱਚ ਮੁੱਖ ਚਾਹੀਦਾ ਹੈ ਯੋਗਬਲ। ਬਿਲਕੁਲ ਹੀ ਪਤਿੱਤ ਹਨ, ਪਾਵਨ ਹੋਣ ਲਈ ਯਾਦ ਦੀ ਯਾਤਰਾ ਚਾਹੀਦੀ ਹੈ। ਹੁਣ ਉਹ ਯਾਦ ਦਾ ਬਲ ਕੁਝ ਘੱਟ ਹੈ। ਕਿਸੇ ਵਿੱਚ ਗਿਆਨ ਹੈ ਤਾਂ ਯਾਦ ਘੱਟ ਹੈ। ਡਿਫੀਕਲਟ (ਮੁਸ਼ਕਿਲ) ਸਬਜੈਕਟ ਹੈ, ਇਸ ਵਿੱਚ ਜਦੋਂ ਪਾਸ ਹੋਣ ਤਾਂ ਗਣਿਕਾਵਾਂ ਦਾ ਉੱਧਾਰ ਕਰ ਸਕਣਗੇ। ਚੰਗੀਆਂ - ਚੰਗੀਆਂ ਅਨੁਭਵੀ ਮਾਤਾਵਾਂ ਜਾ ਕੇ ਸਮਝਾਉਣ। ਕੰਨਿਆਵਾਂ ਨੂੰ ਤਾਂ ਅਨੁਭਵ ਨਹੀਂ ਹੈ, ਮਾਤਾਵਾਂ ਸਮਝਾ ਸਕਦੀਆਂ ਹਨ। ਬਾਪ ਕਹਿੰਦੇ ਹਨ ਪਵਿੱਤਰ ਬਣੋ ਤਾਂ ਹੀ ਵਿਸ਼ਵ ਦਾ ਮਾਲਿਕ ਬਣ ਸਕਦੇ ਹੋ। ਦੁਨੀਆਂ ਹੀ ਸ਼ਿਵਾਲਾ ਬਣ ਜਾਵੇਗੀ। ਸਤਿਯੁਗ ਨੂੰ ਸ਼ਿਵਾਲਾ ਕਹਿੰਦੇ ਹਨ। ਓਥੇ ਤਾਂ ਅਥਾਹ ਸੁੱਖ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਸਮਝਾਓ ਕਿ ਬਾਪ ਕਹਿੰਦੇ ਹਨ ਕਿ ਹੁਣ ਪ੍ਰਤਿਗਿਆ ਕਰੋ ਪਵਿੱਤਰ ਬਣਨ ਦੀ। ਇਸ ਤਰ੍ਹਾਂ ਦੇ ਪਤਿਤਾਂ ਨੂੰ ਪਾਵਨ ਬਨਾਉਣ ਲਈ ਤਲਵਾਰ ਬੜੀ ਤਿੱਖੀ ਚਾਹੀਦੀ ਹੈ। ਇਸ ਵਿੱਚ ਹਾਲੇ ਦੇਰ ਹੈ। ਸਮਝਾਉਣ ਵਿੱਚ ਵੀ ਨੰਬਰਵਾਰ ਹਨ। ਸੈਂਟਰ ਤੇ ਰਹਿੰਦੇ ਹਨ। ਬਾਬਾ ਜਾਣਦੇ ਹਨ ਕਿ ਸਾਰੇ ਤਾਂ ਇਕਰਸ ਨਹੀਂ ਹਨ। ਸਰਵਿਸ ਤੇ ਜਿਹੜੇ ਜਾਂਦੇ ਹਨ ਉਨ੍ਹਾਂ ਵਿੱਚ ਦਿਨ ਰਾਤ ਦਾ ਫਰਕ ਹੈ। ਤਾਂ ਪਹਿਲਾਂ ਜਦੋਂ ਕਿਸੇ ਨੂੰ ਸਮਝਾਵੋ ਤਾਂ ਬਾਪ ਦਾ ਪਰਿਚੈ ਦੇਵੋ। ਬਾਪ ਦੀ ਮਹਿਮਾ ਕਰੋ। ਇੰਨੇ ਗੁਣ ਸਿਵਾਏ ਬਾਪ ਦੇ ਹੋਰ ਕਿਸੇ ਦੇ ਹੋ ਨਹੀਂ ਸਕਦੇ। ਉਹ ਹੀ ਗੁਣਵਾਨ ਬਨਾਉਂਦੇ ਹਨ। ਬਾਪ ਹੀ ਸਤਿਯੁੱਗ ਦੀ ਸਥਾਪਨਾ ਕਰਦੇ ਹਨ। ਹੁਣ ਇਹ ਹੈ ਸੰਗਮਯੁੱਗ ਜਦੋਂ ਤੁਸੀਂ ਪੁਰਸ਼ੋਤਮ ਬਣ ਰਹੇ ਹੋ। ਤੁਸੀਂ ਆਤਮਾਵਾਂ ਨੂੰ ਬੈਠ ਸਮਝਾਉਣਗੇ। ਇਹ ਤਾਂ ਸਮਝਾਉਂਦੇ ਹੋ ਕਿ ਆਤਮਾ ਦਾ ਹੀ ਸ਼ਰੀਰ ਹੈ। ਕਿਥੋਂ ਤੱਕ ਕੋਈ ਸਮਝਦਾ ਹੈ ਇਹ ਸ਼ਕਲ ਤੋਂ ਪਤਾ ਲੱਗ ਜਾਂਦਾ ਹੈ। ਕੋਈ ਮੂਡੀ ਹੁੰਦੇ ਹਨ ਤਾਂ ਸਾਰੀ ਸ਼ਕਲ ਬਦਲ ਜਾਂਦੀ ਹੈ। ਆਤਮਾ ਸਮਝ ਬੈਠਾਂਗੇ ਤਾਂ ਸ਼ਕਲ ਵੀ ਚੰਗੀ ਰਹੇਗੀ। ਇਹ ਵੀ ਪ੍ਰੈਕਟਿਸ ਹੈ। ਘਰ ਗ੍ਰਹਿਸਤ ਵਿੱਚ ਰਹਿਣ ਵਾਲੇ ਇੰਨੇ ਉੱਛਲ ਨਹੀਂ ਸਕਦੇ ਕਿਉਂਕਿ ਗੋਰਖ ਧੰਧੇ ਵਿੱਚ ਲੱਗੇ ਹੋਏ ਹਨ। ਪੂਰਾ ਅਭਿਆਸ ਕਰਨ, ਤਾਂ ਚੱਲਦੇ - ਫਿਰਦੇ, ਉੱਠਦੇ - ਬੈਠਦੇ ਪੱਕੇ ਹੋ ਜਾਣ। ਯਾਦ ਨਾਲ ਤੁਸੀਂ ਪਾਵਨ ਬਣਦੇ ਹੋ। ਆਤਮਾ ਜਿਨ੍ਹਾਂ ਯੋਗ ਵਿੱਚ ਰਹਿੰਦੀ ਹੈ, ਉਤਨੀ ਪਾਵਨ ਬਣਦੀ ਜਾਂਦੀ ਹੈ। ਸਤਿਯੁੱਗ ਵਿੱਚ ਤੁਸੀਂ ਸਤੋਪ੍ਰਧਾਨ ਸੀ ਤੇ ਬੜੇ ਖੁਸ਼ ਸੀ।

ਹੁਣ ਸੰਗਮ ਤੇ ਤੁਸੀਂ ਹੱਸਦੇ ਖੇਡਦੇ ਰਹਿੰਦੇ ਹੋ, ਬੇਹੱਦ ਦਾ ਬਾਪ ਮਿਲਿਆ ਬਾਕੀ ਕੀ ਚਾਹੀਦਾ ਹੈ। ਬਾਪ ਤੇ ਕੁਰਬਾਨ ਹੋਣਾ ਹੈ। ਸਾਹੂਕਾਰ ਕੋਈ ਮੁਸ਼ਕਿਲ ਨਿਕਲਦੇ ਹਨ। ਗਰੀਬਾਂ ਨੂੰ ਹੀ ਮਿਲਦਾ ਹੈ, ਡਰਾਮਾ ਹੀ ਇਸ ਤਰ੍ਹਾਂ ਦਾ ਬਣਿਆ ਹੋਇਆ ਹੈ। ਹੌਲੀ-ਹੌਲੀ ਵੱਧਦੇ ਰਹਿਣਗੇ। ਕੋਟਾਂ ਵਿੱਚ ਕੋਈ ਵਿਜੈ ਮਾਲਾ ਦਾ ਦਾਨਾ ਬਣਦੇ ਹਨ। ਬਾਕੀ ਪ੍ਰਜਾ ਤਾਂ ਬਣਨੀ ਹੀ ਹੈ ਨੰਬਰਵਾਰ। ਕਿੰਨੇ ਢੇਰ ਬਣਨਗੇ। ਸਾਹੂਕਾਰ ਗਰੀਬ ਸਭ ਹੋਣਗੇ। ਇਹ ਪੂਰੀ ਰਾਜਧਾਨੀ ਸਥਾਪਨ ਹੋ ਰਹੀ ਹੈ। ਬਾਕੀ ਸਾਰੇ ਆਪਣੇ - ਆਪਣੇ ਸੈਕਸ਼ਨ ਵਿੱਚ ਚਲੇ ਜਾਂਦੇ ਹਨ। ਤਾਂ ਬਾਪ ਬੱਚਿਆਂ ਨੂੰ ਸਮਝਾਉਂਦੇ ਹਨ ਕਿ ਦੈਵੀਗੁਣ ਵੀ ਧਾਰਨ ਕਰਨੇ ਹਨ। ਤੁਹਾਡਾ ਖਾਣ-ਪਾਣ ਵੀ ਚੰਗਾ ਚਾਹੀਦਾ ਹੈ। ਤੁਹਾਨੂੰ ਕਦੇ ਇਹ ਆਸ਼ ਨਹੀਂ ਰੱਖਣੀ ਕਿ ਮੈਂ ਇਹ ਫਲਾਨੀ ਚੀਜ਼ ਖਾਵਾਂ। ਇਹ ਸਭ ਆਸ਼ਾਵਾਂ ਇਥੇ ਹੁੰਦੀਆਂ ਹਨ। ਬਾਬਾ ਨੇ ਵੱਡੇ-ਵੱਡੇ ਵਾਨਪ੍ਰਸਥੀਆਂ ਦੇ ਆਸ਼ਰਮ ਦੇਖੇ ਹੋਏ ਹਨ। ਬੜੀ ਸ਼ਾਂਤੀ ਦੇ ਨਾਲ ਰਹਿੰਦੇ ਹਨ। ਇਥੇ ਤਾਂ ਸਾਰੀਆਂ ਬੇਹੱਦ ਦੀਆਂ ਗੱਲਾਂ ਬਾਪ ਸਮਝਾਉਂਦੇ ਹਨ। ਵੇਸ਼ਿਆਵਾਂ, ਗਣਿਕਾਵਾਂ ਵੀ ਇੱਦਾਂ ਦੀਆਂ ਆਉਣਗੀਆਂ ਜੋ ਤੁਹਾਡੇ ਤੋਂ ਵੀ ਤਿੱਖੀਆਂ ਜਾਣਗੀਆਂ। ਬੜੇ ਫਸਟ ਕਲਾਸ ਗੀਤ ਗਾਉਣਗੀਆਂ, ਜੋ ਸੁਣਨ ਦੇ ਨਾਲ ਹੀ ਖੁਸ਼ੀ ਦਾ ਪਾਰਾ ਚੜ੍ਹ ਜਾਵੇਗਾ। ਜਦੋਂ ਇਸ ਤਰ੍ਹਾਂ ਦੇ ਡਿੱਗੇ ਹੋਇਆਂ ਨੂੰ ਸਮਝਾ ਕੇ ਸ੍ਰੇਸ਼ਟ ਬਣਾਵੋ ਤਾਂ ਤੁਹਾਡਾ ਨਾਮ ਵੀ ਉਚਾ ਹੋਵੇਗਾ। ਕਹਿਣਗੇ ਇਹ ਤਾਂ ਵੇਸ਼ਿਆਵਾਂ ਨੂੰ ਵੀ ਇਨ੍ਹਾਂ ਉੱਚਾ ਬਣਾਉਂਦੀਆਂ ਹਨ। ਖੁਦ ਹੀ

ਕਹਿਣਗੇ ਅਸੀਂ ਤਾਂ ਸ਼ੂਦ੍ਰ ਸੀ, ਹੁਣ ਬ੍ਰਾਹਮਣ ਬਣੇ ਹਾਂ, ਫਿਰ ਅਸੀਂ ਹੀ ਦੇਵਤਾ, ਖੱਤਰੀ ਬਣਾਂਗੇ। ਬਾਬਾ ਹਰ ਇੱਕ ਨੂੰ ਸਮਝ ਸਕਦੇ ਹਨ ਕਿ ਇਹ ਉੱਨਤੀ ਨੂੰ ਪਾਉਣਗੇ ਜਾਂ ਨਹੀਂ। ਪਿੱਛੇ ਆਉਣ ਵਾਲੇ ਵੀ ਉਨ੍ਹਾਂ ਤੋਂ ਅੱਗੇ ਚਲੇ ਜਾਣਗੇ। ਅੱਗੇ ਚੱਲਕੇ ਤੁਸੀਂ ਸਭ ਦੇਖੋਗੇ। ਹੁਣ ਵੀ ਦੇਖ ਰਹੇ ਹੋ। ਨਵੇਂ ਬੱਚੇ ਸਰਵਿਸ ਵਿੱਚ ਕਿੰਨਾ ਉੱਛਲਦੇ ਹਨ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਪਤਿਤਾਂ ਨੂੰ ਪਾਵਨ ਬਨਾਉਣ ਦੀ ਸੇਵਾ ਕਰੋ, ਗਣਿਕਾਵਾਂ, ਵੇਸ਼ਿਆਵਾਂ ਨੂੰ ਜਾ ਕੇ ਗਿਆਨ ਦਿਓ, ਡਿੱਗੇ ਹੋਇਆਂ ਨੂੰ ਉਠਾਓ, ਉਨ੍ਹਾਂ ਦਾ ਉੱਧਾਰ ਕਰੋ ਤਾਂ ਨਾਮ ਬਾਲਾ ਹੋਏਗਾ।

2. ਖੁੱਦ ਦੀ ਦ੍ਰਿਸ਼ਟੀ ਨੂੰ ਪਵਿੱਤਰ ਬਨਾਉਣ ਦੇ ਲਈ ਚੱਲਦੇ-ਫਿਰਦੇ ਅਭਿਆਸ ਕਰੋ ਕਿ ਅਸੀਂ ਆਤਮਾ ਹਾਂ, ਆਤਮਾ ਦੇ ਨਾਲ ਗੱਲ ਕਰਦੇ ਹਾਂ। ਬਾਪ ਦੀ ਯਾਦ ਵਿੱਚ ਰਹੋ ਤਾਂ ਪਾਵਨ ਬਣ ਜਾਵੋਗੇ।

ਵਰਦਾਨ:- ਅਨਾਦਿ ਸਵਰੂਪ ਦੀ ਸਮ੍ਰਿਤੀ ਦਵਾਰਾ ਸੰਤੁਸ਼ਟਤਾ ਦਾ ਅਨੁਭਵ ਕਰਨ ਅਤੇ ਕਰਵਾਉਣ ਵਾਲੇ ਸੰਤੁਸ਼ਟਮਨੀ ਭਵ।
ਆਪਣੇ ਅਨਾਦਿ ਅਤੇ ਆਦਿ ਸਵਰੂਪ ਨੂੰ ਸਮ੍ਰਿਤੀ ਵਿਚ ਲਿਆਓ ਅਤੇ ਉਸ ਸਮ੍ਰਿਤੀ ਸਵਰੂਪ ਵਿੱਚ ਸਥਿਤ ਹੋ ਜਾਵੋ ਤਾਂ ਖੁਦ ਵੀ ਖੁਦ ਤੋਂ ਸੰਤੁਸ਼ਟ ਰਹੋਗੇ ਅਤੇ ਹੋਰਾਂ ਨੂੰ ਵੀ ਸੰਤੁਸ਼ਟਤਾ ਦੀ ਵਿਸ਼ੇਸ਼ਤਾ ਦਾ ਅਨੁਭਵ ਕਰਵਾ ਸਕੋਗੇ। ਅਸੰਤੁਸ਼ਟਤਾ ਦਾ ਕਾਰਣ ਹੁੰਦਾ ਹੈ ਅਪ੍ਰਾਪਤੀ। ਤੁਹਾਡਾ ਸਲੋਗਨ ਹੈ - ਪਾਉਣਾ ਸੀ ਸੋ ਪਾ ਲਿਆ। ਬਾਪ ਦਾ ਬਣਨਾ ਮਤਲਬ ਵਰਸੇ ਦਾ ਅਧਿਕਾਰੀ ਬਣਨਾ, ਅਜਿਹੀਆਂ ਅਧਿਕਾਰੀ ਆਤਮਾਵਾਂ ਸਦਾ ਭਰਪੂਰ, ਸੰਤੁਸ਼ਟਮਨੀ ਹੋਣਗੀਆਂ।

ਸਲੋਗਨ:- ਬਾਪ ਸਮਾਨ ਬਣਨ ਦੇ ਲਈ - ਸਮਝਣਾ - ਚਾਹਨਾ ਤੇ ਕਰਨਾ ਇਨ੍ਹਾਂ ਤਿੰਨਾਂ ਦੀ ਸਮਾਨਤਾ ਹੋਵੇ।

******

ਅਵਿਅਕਤ ਸਾਇਲੇਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ

ਵਰਦਾਨੀ ਰੂਪ ਨਾਲ ਸੇਵਾ ਕਰਨ ਦੇ ਲਈ ਪਹਿਲੇ ਖੁਦ ਵਿੱਚ ਸ਼ੁੱਧ ਸੰਕਲਪ ਧਾਰਨ ਕਰੋ। ਸਾਰਾ ਦਿਨ ਸ਼ੁੱਧ ਸੰਕਲਪਾਂ ਦੇ ਸਾਗਰ ਵਿਚ ਲਹਿਰਾਉਂਦੇ ਰਹੋ ਅਤੇ ਜਿਸ ਵੇਲੇ ਚਾਹੋ ਸ਼ੁੱਧ ਸੰਕਲਪਾਂ ਦਾ ਸਾਗਰ ਦੇ ਤਲੇ ਵਿੱਚ ਜਾਕੇ ਸਾਇਲੇਂਸ ਸਵਰੂਪ ਵਿੱਚ ਹੋ ਜਾਵੋ। ਤੁਹਾਡੀ ਇਹ ਡੀਪ ਸਾਇਲੇਂਸ ਸਥਿਤੀ ਵਾਯੂਮੰਡਲ ਦਾ ਪਰਿਵਰਤਨ ਕਰ ਦਵੇਗੀ ਅਤੇ ਤੁਸੀਂ ਖੁਦ ਨੂੰ ਡਬਲ ਲਾਈਟ ਫਰਿਸ਼ਤਾ ਅਨੁਭਵ ਕਰੋਗੇ।